# ਯੂ.ਐਸ ਮਰਦਮਸ਼ੁਮਾਰੀ - 2010

## ਸਿੱਖ ਚੇਤਨਾ ਲਹਿਰ



IT'S IN **OUR HANDS**

## ਅਮਰੀਕਾ ਦੀਆਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ

2010 ਮਰਦਮਸ਼ੁਮਾਰੀ ਨੂੰ ਸਫਲ ਕਰਨਾ, ਸਿੱਖ ਕੌਮ ਲਈ ਇੱਕ ਵਰਦਾਨ ਸਾਬਤ ਹੋਵੇਗਾ। ਸਿੱਖਾਂ ਦੇ ਪਹਿਰਾਵੇ ਨੂੰ ਵੇਖ ਕੇ ਹਰ ਕੋਈ ਭੁਲੇਖਾ ਖਾ ਜਾਂਦਾ ਹੈ ਕਿ ਇਹ ਕੌਣ ਹਨ ? ਬਾਹਰ ਜਾਂ ਮੁਲਕ ਦੇ ਅੰਦਰ ਕੋਈ ਘਟਨਾ ਵਾਪਰਦੀ ਹੈ ਤਾਂ ਹਰ ਸਿੱਖ ਨੂੰ ਧੁੜਕੂ ਲੱਗ ਜਾਂਦਾ ਹੈ। ਇਸ ਭੁਲੇਖੇ ਕਾਰਣ ਹੀ ਸਿੱਖਾਂ ਦਾ ਜਾਨੀ ਅਤੇ ਮਾਲੀ ਨੁਕਸਾਨ ਬਿਨਾ ਕਸੂਰ ਹੀ ਹੋ ਜਾਂਦਾ ਹੈ। ਜੇਕਰ ਅਸੀਂ ਇਨ੍ਹਾਂ ਭੁਲੇਖਿਆਂ ਕਾਰਨ ਪਬਲਿਕ ਥਾਵਾਂ, ਲਾਇਬਰੇਰੀਆਂ, ਸਟੋਰਾਂ, ਸੜਕਾਂ ਜਾਂ ਗਲੀਆਂ ਆਦਿਕ ਥਾਵਾਂ 'ਤੇ ਜ਼ਲੀਲ ਹੋਣ ਜਾਂ ਬੇਇੱਜ਼ਤ ਹੋਣ ਤੋਂ ਬਚਣਾ ਚਾਹੁੰਦੇ ਹਾਂ ਤਾਂ ਇਸ ਵਾਰ ਮਰਦਮਸ਼ੁਮਾਰੀ ਵਿੱਚ ਹਿੱਸਾ ਲੈਣ ਲਈ ਆਪਣੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਨੂੰ ਜਾਗਰੂਕ ਕਰਨਾ ਆਪਣਾ ਇਖਲਾਕੀ ਫਰਜ਼ ਸਮਝੋ।

**ਮਰਦਮਸ਼ੁਮਾਰੀ ਦੀ ਵਰਤੋਂ ਸਾਰੇ ਸਰਕਾਰੀ ਮਹਿਕਮਿਆਂ ਵੱਲੋਂ ਕੌਮੀ ਤਰੱਕੀ ,ਸਿੱਖਿਆ ਪਸਾਰ ਅਤੇ ਹਰ ਪ੍ਰਕਾਰ ਦੇ ਸੁੱਖ ਸਾਧਨ ਦੇਣ ਲਈ ਕੀਤੀ ਜਾਂਦੀ ਹੈ।**

ਜ਼ਰੂਰੀ ਗੱਲ ਇਹ ਹੈ ਕਿ ਇਸ ਵਿੱਚ ਹਰ ਕੋਈ ਹਿੱਸਾ ਲੈ ਸਕਦਾ ਹੈ ਭਾਵੇਂ ਉਹ ਅਮਰੀਕਨ ਨਾਗਰਿਕ ਹੈ ਜਾਂ ਨਹੀਂ। ਗਰੀਨ ਕਾਰਡ ਹੋਲਡਰ ਹੈ ਜਾਂ ਨਹੀਂ, ਵਰਕ ਪਰਮਿਟ ਹੈ ਜਾਂ ਨਹੀਂ। ਇਸ ਬਾਬਤ ਕੋਈ ਵੀ ਸਵਾਲ ਨਹੀਂ ਪੁੱਛਿਆ ਜਾਵੇਗਾ, ਬੇਝਿਜਕ ਹੋ ਕੇ ਆਪਣਾ ਫਾਰਮ ਭਰੋ (ਹੇਠਾਂ ਖੱਬੇ ਹੱਥ ਵਿਖਾਏ ਗਏ ਤਰੀਕੇ ਅਨੁਸਾਰ)। ਗੈਰਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਰਹਿ ਰਹੇ ਲੋਕ ਬਿਨਾਂ ਕਿਸੇ ਡਰ-ਭੈਅ ਦੇ ਇਸ ਮਰਦਮਸ਼ੁਮਾਰੀ 'ਚ ਭਾਗ ਲੈ ਸਕਦੇ ਹਨ। ਜੇ ਸਿੱਖ ਵੱਡੀ ਗਿਣਤੀ ਅੰਦਰ ਇਸ ਮਰਦਮਸ਼ੁਮਾਰੀ ਵਿੱਚ ਆਪਣਾ ਨਾਂ ਸਿੱਖ ਦੇ ਤੌਰ 'ਤੇ ਦਰਜ ਕਰਦੇ ਹਨ ਤਦ ਸਿੱਖ ਕੌਮ ਘੱਟ-ਗਿਣਤੀਆਂ 'ਚ ਸ਼ੁਮਾਰ ਹੋ ਜਾਵੇਗੀ। ਘੱਟ-ਗਿਣਤੀਆਂ ਦੇ ਵਿਕਾਸ ਲਈ ਸਰਕਾਰ ਪਾਸੋਂ ਲੱਖਾਂ ਡਾਲਰ ਸਹਾਇਤਾ ਵਜੋਂ ਮਿਲ ਸਕਦੇ ਹਨ।

**ਅਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਮਰਦਮਸ਼ੁਮਾਰੀ ਦੀ ਅਹਿਮੀਅਤ ਨੂੰ ਸਮਝਦਿਆਂ ਹੋਇਆਂ ਇਸ ਵਿੱਚ ਵੱਧ ਚੜ੍ਹ ਕੇ ਹਿੱਸਾ ਲਈਏ ਅਤੇ ਹੋਰਨਾਂ ਨੂੰ ਵੀ ਪ੍ਰੇਰੀਏ।**











**9. What is Person 1's race?** *Mark ✗ one or more boxes.*

- ☐ White
- ☐ Black, African Am., or Negro
- ☐ American Indian or Alaska Native — *Print name of enrolled or principal tribe.*
- ☐ Asian Indian
- ☐ Chinese
- ☐ Filipino
- ☐ Other Asian — *Print race, for example, Hmong, Laotian, Thai, Pakistani, Cambodian, and so on.*
- ☐ Japanese
- ☐ Korean
- ☐ Vietnamese
- ☐ Native Hawaiian
- ☐ Guamanian or Chamorro
- ☐ Samoan
- ☐ Other Pacific Islander — *Print race, for example, Fijian, Tongan, and so on.*
- ☒ Some other race — *Print race.*

S I K H

10. Does Person 1 sometimes live or stay somewhere else?

ਫਾਰਮ ਦੇ ਸਵਾਲ ਨੰਬਰ 9 ਵਾਲੇ ਖਾਨੇ 'ਚ ਉੱਪਰ ਦਿਖਾਏ ਗਏ ਤਰੀਕੇ ਨਾਲ Sikh ਲਫਜ਼ ਭਰੋ।

## ਬੇਨਤੀ ਕਰਤਾ-

Gurdwara Prabandhak Committees of Tri State Area (NY, NJ, PA) & all Sadh Sangat

## ਜਾਰੀ ਕਰਤਾ

UNITED SIKHS

*Recognize the Human Race as One*

**ਵਧੇਰੇ ਜਾਣਕਾਰੀ ਲਈ ਇਥੇ ਜਾਓ**

**www.sikhamericancensus.org**

**or call: 1-888-243-1690**